ਨਿਊਜ਼ ਰਿਲੀਜ਼

# ਦਲੇਰਾਨਾ ਸਫਰ, ਉੱਜਲ ਭਵਿੱਖ: ਇੰਪੈਕਟ ਐਵਾਰਡਜ਼

15 ਅਪਰੈਲ 2025 ਮੀਡੀਆ ਇੰਨਕੁਆਰੀਆਂ

## ਐਲਬਰਟਾ ਵਾਸੀਆਂ ਨੂੰ ਕਿਸੇ ਨਵੇਂ ਆਏ ਵਿਅਕਤੀ ਨੂੰ ਨਾਮਜ਼ਦ ਕਰਨ ਲਈ ਸੱਦਾ ਦਿੱਤਾ ਜਾਂਦਾ ਹੈ, ਜਿਸਨੇ ਆਪਣੀ ਕਮਿਊਨਿਟੀ 'ਚ ਜਾਂ ਕੰਮ ਵਾਲੀ ਥਾਂ 'ਤੇ ਮਹੱਤਵਪੂਰਨ ਯੋਗਦਾਨ ਪਾਇਆ ਹੋਵੇ।

ਐਲਬਰਟਾ ਦੁਨੀਆਂ ਭਰ 'ਚੋਂ ਆਏ ਲੋਕਾਂ ਦਾ ਘਰ ਹੈ, ਜਿੰਨ੍ਹਾਂ 'ਚੋਂ ਬਹੁਤ ਸਾਰਿਆਂ ਨੇ ਇਸ ਸੂਬੇ 'ਚ ਕਈ ਪ੍ਰਕਾਰ ਦੇ ਤਰੀਕਿਆਂ ਨਾਲ ਮਹੱਤਵਪੂਰਨ ਯੋਗਦਾਨ ਪਾਇਆ ਹੈ ਜਿਵੇਂ ਕਿ ਵਲੰਟੀਅਰ ਕੰਮ, ਕਲਾਤਮਕ ਯਤਨ, ਆਪਣੇ ਪ੍ਰੋਫੈਸ਼ਨ ਜਾਂ ਕੰਮ ਦੇ ਖੇਤਰ 'ਚ ਨਵੀਨਤਾਵਾਂ ਅਤੇ ਉੱਤਮਤਾ। ਐਲਬਰਟਾ ਇੰਮੀਗਰੈਂਟ ਇੰਪੈਕਟ ਐਵਾਰਡਜ਼ ਵਿਦੇਸ਼ੀ ਮੂਲ ਦੇ ਐਲਬਰਟਾ ਨਿਵਾਸੀਆਂ, ਭਾਵੇਂ ਉਹ ਕਿੰਨੀ ਵੀ ਦੇਰ 'ਤੋਂ ਇੱਥੇ ਰਹਿੰਦੇ ਹੋਣ, ਦੇ ਯੋਗਦਾਨਾਂ ਅਤੇ ਪ੍ਰਾਪਤੀਆਂ ਦੇ ਜਸ਼ਨ ਮਨਾਉਣ ਲਈ ਬਣਾਇਆ ਗਿਆ ਸੀ।

ਐਲਬਰਟਾ ਨਿਵਾਸੀ, ਕਿਸੇ ਵਿਅਕਤੀ ਨੂੰ ਐਲਬਰਟਾ ਇੰਮੀਗਰੈਂਟ ਇੰਪੈਕਟ ਐਵਾਰਡ ਵਾਸਤੇ ਨਾਮਜ਼ਦ ਕਰਨ ਦੁਆਰਾ ਇੰਮੀਗਰੈਂਟ ਨਵਯੁਵਕਾਂ, ਔਰਤਾਂ, ਕਾਰੋਬਾਰੀਆਂ, ਵਿੱਦਿਅਕ ਮਾਹਰਾਂ, ਆਰਟਿਸਟਾਂ, ਐਥਲੀਟਾਂ ਅਤੇ ਪ੍ਰੋਫੈਸ਼ਨਲ ਤੇ ਕਮਿਊਨਿਟੀ ਉਸਰੱਈਆਂ ਦੀਆਂ ਪ੍ਰਾਪਤੀਆਂ ਨੂੰ ਮਾਨਤਾ ਦੇ ਸਕਦੇ ਹਨ।

"ਇੰਮੀਗਰੈਂਟ ਐਲਬਰਟਾ ਦੀ ਤਰੱਕੀ ਅਤੇ ਕਾਮਯਾਬੀ ਵਿਚ ਮਹੱਤਵਪੂਰਨ ਰੋਲ ਅਦਾ ਕਰਦੇ ਹਨ। ਉਹ ਅਣਗਿਣਤ ਤਰੀਕਿਆਂ ਨਾਲ ਜ਼ਰੂਰੀ ਇੰਡਸਟਰੀਆਂ ਦੀ ਸਹਾਇਤਾ ਕਰਦੇ, ਨਵੀਨਤਾ ਲਿਆਉਂਦੇ ਅਤੇ ਆਪਣੀਆਂ ਕਮਿਊਨਿਟੀਆਂ 'ਚ ਯੋਗਦਾਨ ਪਾਉਂਦੇ ਹਨ - ਭਾਵੇਂ ਉਹ ਬਿਜ਼ਨਸ, ਸਾਇੰਸ ਅਤੇ ਤਕਨਾਲੋਜੀ, ਪ੍ਰੋਫੈਸ਼ਨਲ ਯੋਗਦਾਨ, ਵਿੱਦਿਆ, ਕਲਾਵਾਂ, ਖੇਡਾਂ ਜਾਂ ਵਾਲੰਟੀਅਰ ਯਤਨਾਂ ਦੇ ਤਰੀਕੇ ਹੋਣ। ਉਨ੍ਹਾਂ ਦੇ ਵਿਭਿੰਨ ਪ੍ਰਕਾਰ ਦੇ ਪਿਛੋਕੜ ਅਤੇ ਤਜ਼ਰਬੇ ਐਲਬਰਟਾ ਨੂੰ ਵਧੇਰੇ ਅਮੀਰ ਅਤੇ ਰਹਿਣ ਲਈ ਵਧੇਰੇ ਗਤੀਸ਼ੀਲ ਸਥਾਨ ਬਣਾਉਂਦੇ ਹਨ। ਉਨ੍ਹਾਂ ਦੇ ਯੋਗਦਾਨਾਂ ਅਤੇ ਸਾਡੇ ਸੂਬੇ ਉਪਰ ਉਨ੍ਹਾਂ ਦੇ ਪਾਏ ਜਾਂਦੇ ਸਕਾਰਾਤਮਕ ਪ੍ਰਭਾਵਾਂ ਦਾ ਜਸ਼ਨ ਮਨਾਉਣਾ ਮਹੱਤਵਪੂਰਨ ਗੱਲ ਹੈ।"

*Muhammad Yaseen, ਮਿਨਿਸਟਰ ਆਫ ਇੰਮੀਗਰੇਸ਼ਨ ਐਂਡ ਮਲਟੀਕਲਚਰਲਿਜ਼ਮ*

ਨਾਮਜ਼ਦਗੀਆਂ ਦਾ ਮੁਲਾਂਕਣ ਨਾਮਜ਼ਦ ਕੀਤੇ ਗਏ ਵਿਅਕਤੀ ਦੇ ਸਮੁੱਚੇ ਯੋਗਦਾਨ, ਉਨ੍ਹਾਂ ਦੇ ਕਾਰਜਾਂ ਨੇ ਕਿਵੇਂ ਕਿਸੇ ਲੋੜ ਦੀ ਪੂਰਤੀ ਕੀਤੀ ਅਤੇ ਹੋਰਨਾਂ ਨੂੰ ਕਿਵੇਂ ਪ੍ਰਭਾਵਤ ਕੀਤਾ, ਅਤੇ ਸਮੱਸਿਆਵਾਂ ਦੇ ਹੱਲ ਕਰਨ ਵੇਲੇ ਉਨ੍ਹਾਂ ਨੇ ਕਿਵੇਂ ਲੀਡਰਸ਼ਿੱਪ ਅਤੇ ਮੌਲਿਕਤਾ ਦਾ ਪ੍ਰਦਰਸ਼ਨ ਕੀਤਾ, ਵਰਗੇ ਮਾਪਦੰਡਾਂ ਦੇ ਅਧਾਰ 'ਤੇ ਕੀਤਾ ਜਾਂਦਾ ਹੈ। ਨਾਮਜ਼ਦਗੀਆਂ 15 ਅਪਰੈਲ ਤੋਂ ਲੈ ਕੇ ਦੁਪਹਿਰ 18 ਜੂਨ ਤੱਕ

ਖੁੱਲ੍ਹੀਆਂ ਹਨ, ਅਤੇ ਐਲਬਰਟਾ ਇੰਮੀਗਰੈਂਟ ਇੰਪੈਕਟ ਐਵਾਰਡਾਂ ਦੇ ਪ੍ਰਾਪਤ-ਕਰਤਿਆਂ ਨੂੰ ਮਾਨਤਾ ਦੇਣ ਵਾਸਤੇ 2025 ਦੀ ਪਤਝੜ ਰੁੱਤੇ ਇਕ ਸਮਾਗਮ ਦਾ ਆਯੋਜਿਨ ਕੀਤਾ ਜਾਵੇਗਾ।

ਵਧੇਰੇ ਵਿਸਥਾਰ ਅਤੇ ਕਿਸੇ ਵਿਅਕਤੀ ਨੂੰ ਨਾਮਜ਼ਦ ਕਰਨ ਲਈ Alberta.ca/ImmigrantImpactAwards 'ਤੇ ਜਾਓ।

## ਫੌਰੀ ਤੱਥ

- ਐਵਾਰਡਾਂ 'ਚ ਅੱਠ ਸ਼੍ਰੇਣੀਆਂ ਸ਼ਾਮਲ ਹਨ: ਆਰਟਸ ਐਂਡ ਸਪੋਰਟਸ, ਕਰੀਅਰ ਐਂਡ ਅਕੈਡਮਿਕਸ ਕੰਟ੍ਰੀਬਿਊਸ਼ਨ, ਐਂਟਰਪ੍ਰਨਿਉਰਿਅਲ ਸਪਿਰਟ, ਇੰਮੀਗਰੈਂਟ ਐਕਸਿਲੈਂਸ, ਇਨਕਲੂਸਿਵ ਵਰਕਪਲੇਸ, ਸਮਾਲ ਕਮਿਊਨਿਟੀ ਐਨਹਾਂਸਮੈਂਟ, ਇੰਮੀਗਰੈਂਟ ਵੂਮੈੱਨ'ਜ਼ ਇੰਪੈਕਟ ਅਤੇ ਯੰਗ ਲੀਡਰ।
- ਹਰੇਕ ਸ਼੍ਰੇਣੀ 'ਚ ਇਕ ਤੋਂ ਵਧੇਰੇ ਪ੍ਰਾਪਤ-ਕਰਤਿਆਂ ਨੂੰ ਐਵਾਰਡ ਦਿੱਤੇ ਜਾ ਸਕਦੇ ਹਨ।
- ਯੋਗ ਹੋਣ ਵਾਸਤੇ, ਨਾਮਜ਼ਦ ਕੀਤਾ ਵਿਅਕਤੀ ਜ਼ਰੂਰ:
  - ਇਕ ਵਿਅਕਤੀ ਹੋਵੇ (ਕੋਈ ਗਰੁੱਪ ਜਾਂ ਸੰਸਥਾ ਨਹੀਂ)
  - ਐਲਬਰਟਾ ਸਰਕਾਰ ਕੋਲੋਂ ਇਸੇ ਪ੍ਰਕਾਰ ਦਾ ਕੋਈ ਐਵਾਰਡ ਹਾਸਲ ਨਾ ਕੀਤਾ ਹੋਵੇ
  - ਕੈਨੇਡਾ ਤੋ ਬਾਹਰ ਜਨਮਿਆਂ ਹੋਵੇ (ਪਰ ਕੈਨੇਡਾ 'ਚ ਕਈ ਸਾਲਾਂ ਤੋਂ ਰਹਿ ਰਿਹਾ ਹੋ ਸਕਦਾ ਹੈ)
  - ਪੱਕਾ ਨਿਵਾਸੀ ਜਾਂ ਕੈਨੇਡੀਅਨ ਸਿਟੀਜ਼ਨ ਹੋਵੇ
  - ਕੋਈ ਅਪਰਾਧਕ ਦੋਸ਼-ਸਿਧੀ ਨਾ ਹੋਈ ਹੋਵੇ, ਜਿਸ ਵਾਸਤੇ ਉਸਨੂੰ ਮੁਆਫੀ ਨਾ ਮਿਲੀ ਹੋਵੇ
  - ਚੁਣਿਆ ਹੋਇਆ ਅਧਿਕਾਰੀ ਨਾ ਹੋਵੇ
  - ਨਾਮਜ਼ਦਗੀ ਦੇ ਸਮੇਂ ਐਲਬਰਟਾ 'ਚ ਰਹਿੰਦਾ ਹੋਵੇ
  - ਐਲਬਰਟਾ ਦੇ ਆਰਥਿਕ ਜਾਂ ਸਮਾਜਿਕ ਤਾਣੇ-ਬਾਣੇ 'ਚ ਯੋਗਦਾਨ ਪਾਇਆ ਹੋਵੇ

- ਨਾਮਜ਼ਦਗੀਆਂ ਜ਼ਰੂਰੀ ਤੌਰ 'ਤੇ ਇਕ ਆਨਲਾਈਨ ਪੋਰਟਲ ਦੁਆਰਾ ਭੇਜੀਆਂ ਜਾਣ।

## ਸਬੰਧਤ ਜਾਣਕਾਰੀ

- ਐਲਬਰਟਾ ਇੰਮੀਗਰੈਂਟ ਇੰਪੈਕਟ ਐਵਾਰਡਜ਼

## ਮੀਡੀਆ ਇੰਨਕੁਆਰੀਆਂ


### Neil Singh

780-422-3559
ਪ੍ਰੈੱਸ ਸੈਕਰੇਟਰੀ, ਇੰਮੀਗਰੇਸ਼ਨ ਐਂਡ ਮਲਟੀਕਲਚਲਿਜ਼ਮ